THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਨੰ:ਪੀ.ਐਸ.ਬੀ/ਆਈ.ਟੀ/ਡੀ.ਏ/2016/ 1802 ਮਿਤੀ 23.8.16

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਬਹੁਤਕਨੀਕੀ ਸੰਸਥਾਵਾਂ,
ਪੰਜਾਬ ਰਾਜ ਅਧੀਨ।

ਵਿਸ਼ਾ: **ਅਕੈਡਮਿਕ ਸਾਖਾ ਨਾਲ ਈ-ਮੇਲ ਰਾਹੀਂ ਪੱਤਰ ਵਿਹਾਰ ਕਰਨ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੀਆਂ ਸੰਸਥਾਵਾਂ ਵੱਲੋਂ ਅਕੈਡਮਿਕ ਸਾਖਾ ਦੀ ਮੰਗ ਤੋਂ ਬਿਨ੍ਹਾਂ ਹੀ ਆਪਣੇ ਤੌਰ ਤੇ ਈ-ਮੇਲ ਰਾਹੀਂ ਪੱਤਰ ਵਿਹਾਰ ਕੀਤਾ ਜਾਂਦਾ ਹੈ, ਜਿਸ ਨੂੰ ਡੀਲ ਕਰਨ ਵਿੱਚ ਕਈ ਤਰ੍ਹਾਂ ਦੀਆਂ ਦਫਤਰੀ ਔਕੜਾਂ ਪੇਸ਼ ਆਉਂਦੀਆਂ ਹਨ। ਇਸ ਪੱਤਰ ਰਾਹੀਂ ਸਮੂਹ ਸੰਸਥਾਵਾਂ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭੱਵਿਖ ਵਿੱਚ ਅਕੈਡਮਿਕ ਸਾਖਾ ਦੀ ਮੰਗ ਤੋਂ ਬਿਨ੍ਹਾਂ ਕੋਈ ਵੀ ਅਜਿਹਾ ਈ-ਮੇਲ ( psbte.affiliation@gmail.com ) ਰਾਹੀਂ ਪੱਤਰ ਵਿਹਾਰ ਨਾ ਕੀਤਾ ਜਾਵੇ। ਈ-ਮੇਲ ਰਾਹੀਂ ਕੇਵਲ ਅਕੈਡਮਿਕ ਸਾਖਾ ਦੁਆਰਾ ਮੰਗੀ ਗਈ ਸੂਚਨਾਂ ਹੀ ਭੇਜੀ ਜਾਵੇ।

ਜੇਕਰ ਭੱਵਿਖ ਵਿੱਚ ਕੋਈ ਵੀ ਈ-ਮੇਲ ਰਾਹੀਂ ਸੂਚਨਾਂ/ਪੱਤਰ ਬਿਨ੍ਹਾਂ ਮੰਗ ਤੋਂ ਅਕੈਡਮਿਕ ਸਾਖਾ ਵਿਖੇ ਪ੍ਰਾਪਤ ਹੁੰਦਾ ਹੈ ਤਾਂ ਉਸ ਨੂੰ ਵਿਚਾਰਿਆ ਨਹੀ ਜਾਵੇਗਾ। ਬਿਨ੍ਹਾਂ ਮੰਗ ਈ-ਮੇਲ (psbte.affiliation@gmail.com ) ਰਾਹੀਂ ਭੇਜੇ ਗਏ ਪੱਤਰ ਨੂੰ ਡੀਲ ਨਾਂ ਕਰਨ ਸਬੰਧੀ ਜੋ ਕਿਸੇ ਵੀ ਤਰ੍ਹਾਂ ਦੀ ਕੋਈ ਕਾਨੂੰਨੀ ਜਾਂ ਹੋਰ ਅੜਚਨ ਪੈਦਾ ਹੁੰਦੀ ਹੈ ਤਾਂ ਉਸਦੀ ਜਿੰਮੇਵਾਰੀ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਦੀ ਹੀ ਹੋਵੇਗੀ।

ਉਪਰੋਕਤ ਹਦਾਇਤਾਂ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਇਹਨਾਂ ਦੀ ਇੰਨ-ਬਿੰਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।

23/8/16

ਡਿਪਟੀ ਡਾਇਰੈਕਟਰ ਅਕੈਡਮਿਕ
ਵਾ:ਸਕੱਤਰ,ਪੀ.ਐਸ.ਬੀ.ਟੀ ਐਂਡ ਆਈ.ਟੀ,
ਚੰਡੀਗੜ੍ਹ ।

23/8/2016

ਕਾਪੀ:
ਪੀ.ਏ/ਚੇਅਰਮੈਨ
ਪੀ.ਏ/ਸਕੱਤਰ
ਐਸ.ਏ